ਇਸਤਿਹਾਰ ਨੰ: 02 ਆਫ 2021

# ਪੰਜਾਬ ਵਿਧਾਨ ਸਭਾ ਸਕੱਤਰੇਤ

ਸੇਵਾਦਾਰ ਦੀਆਂ ਦੋ ਆਸਾਮੀਆਂ ਲਈ ਨਿਰਧਾਰਤ ਪ੍ਰੋਫਾਰਮੇ ਤੇ ਅਰਜ਼ੀਆਂ ਮੰਗੀਆਂ ਜਾਂਦੀਆਂ ਹਨ, ਜੋ ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ-160001 ਪਾਸ ਮਿਤੀ 23.11.2021 (ਸ਼ਾਮ 5.00 ਵਜੇ) ਤੱਕ ਪਹੁੰਚ ਜਾਣੀਆਂ ਚਾਹੀਦੀਆਂ ਹਨ। ਸਰਕਾਰੀ ਕਰਮਚਾਰੀ ਆਪਣੀਆਂ ਅਰਜ਼ੀਆਂ ਯੋਗ ਪ੍ਰਣਾਲੀ ਰਾਹੀਂ ਭੇਜਣ, ਪਰੰਤੂ ਅਗੇਤੀ ਕਾਪੀ ਅੰਤਿਮ ਮਿਤੀ ਤੋਂ ਪਹਿਲਾਂ ਭੇਜੀ ਜਾਵੇ। ਆਖਰੀ ਤਰੀਕ ਤੋਂ ਬਾਅਦ ਪ੍ਰਾਪਤ ਹੋਈਆਂ ਅਰਜ਼ੀਆਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਉਮੀਦਵਾਰ ਦੀ ਵਿੱਦਿਅਕ ਯੋਗਤਾ ਅੱਠਵੀਂ ਹੋਵੇ।

ਇਸ ਆਸਾਮੀ ਵਾਸਤੇ ਅਰਜ਼ੀ ਫੀਸ ਜਨਰਲ ਸ਼੍ਰੇਣੀ ਲਈ 100/- ਰੁਪਏ ਅਤੇ ਪੰਜਾਬ ਰਾਜ ਦੇ ਵਸਨੀਕ ਐਸ.ਸੀ. ਅਤੇ ਬੀ.ਸੀ. ਨਾਲ ਸਬੰਧਤ ਪ੍ਰਾਰਥੀ ਲਈ 50/- ਰੁਪਏ ਨਾ ਮੋੜਨਯੋਗ ਹੈ, ਜੋ ਕੇਵਲ ਇੰਡੀਅਨ ਪੋਸਟਲ ਆਰਡਰ ਦੇ ਰੂਪ ਵਿੱਚ ਸਕੱਤਰ, ਪੰਜਾਬ ਵਿਧਾਨ ਸਭਾ ਚੰਡੀਗੜ੍ਹ ਦੇ ਨਾਂ ਤੇ ਹੋਵੇ। ਫੀਸ ਦੀ ਛੋਟ ਸਿਰਫ ਪੰਜਾਬ ਰਾਜ ਦੇ ਵਸਨੀਕ ਵਜੋਂ ਐਸ.ਸੀ./ਬੀ.ਸੀ. ਆਦਿ ਪ੍ਰਾਰਥੀਆਂ ਨੂੰ ਹੀ ਮਿਲਣਯੋਗ ਹੈ। ਸਬੂਤ ਵਜੋਂ ਪੰਜਾਬ ਸਰਕਾਰ ਦੁਆਰਾ ਜਾਰੀ ਸਬੰਧਤ ਸਰਟੀਫਿਕੇਟ ਨਾਲ ਨੱਥੀ ਕੀਤਾ ਜਾਵੇ। ਬਿਨਾਂ ਫੀਸ/ਘੱਟ ਫੀਸ ਅਰਜ਼ੀਆਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਮਿਤੀ 01.01.2021 ਨੂੰ ਉਮੀਦਵਾਰਾਂ ਦੀ ਉਮਰ 18 ਸਾਲ ਤੋਂ ਘੱਟ ਅਤੇ 37 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ। ਚੁਣੇ ਗਏ ਉਮੀਦਵਾਰ ਨੂੰ ਪੰਜਾਬ ਸਰਕਾਰ ਦੇ ਪੱਤਰ ਨੰ: 7/204/2012-4 ਐਫ.ਪੀ.-1/66 ਮਿਤੀ 15.01.2015, ਪੱਤਰ ਨੰ: 7/42/2020-5FP I/741, ਮਿਤੀ 17/07/2020 ਅਤੇ ਸਰਕਾਰ ਵੱਲੋਂ ਸਮੇਂ-ਸਮੇਂ ਜਾਰੀ ਹਦਾਇਤਾਂ ਵਿੱਚ ਕੀਤੇ ਉਪਬੰਧਾਂ ਤਹਿਤ ਤਨਖਾਹ ਦਿੱਤੀ ਜਾਵੇਗੀ। ਪ੍ਰਾਰਥੀਆਂ ਦੀ ਗਿਣਤੀ ਦੇ ਮੱਦੇਨਜਰ ਸਮਰੱਥ ਅਧਿਕਾਰੀ ਦੁਆਰਾ ਕੋਈ ਵੀ ਸਿਲੈਕਸ਼ਨ ਕ੍ਰਾਈਟੇਰੀਆ ਅਪਣਾਇਆ ਜਾ ਸਕਦਾ ਹੈ, ਜਿਸ ਵਿਚ ਲਿਖਤੀ ਪ੍ਰੀਖਿਆ/ਇੰਟਰਵਿਊ ਆਦਿ ਵੀ ਸ਼ਾਮਿਲ ਕੀਤੀ ਜਾ ਸਕਦੀ ਹੈ।

## ਜਰੂਰੀ ਹਦਾਇਤਾਂ

1. ਆਸਾਮੀ ਦਾ ਨਾਂ ਲਿਫਾਫੇ ਉਪਰ ਲਿਖਿਆ ਜਾਵੇ।
2. ਡਾਕ ਦੀ ਦੇਰੀ ਲਈ ਦਫਤਰ ਦੀ ਜ਼ਿੰਮੇਵਾਰੀ ਨਹੀਂ ਹੋਵੇਗੀ ਅਤੇ ਅਧੂਰੀ/ਬਿਨਾ ਹਸਤਾਖਰ/ਬਿਨਾ ਫੀਸ ਅਤੇ ਅਯੋਗ ਉਮੀਦਵਾਰ ਦੀ ਅਰਜ਼ੀ ਬਿਨਾਂ ਕਿਸੇ ਨੋਟਿਸ ਰੱਦ ਸਮਝੀ ਜਾਵੇਗੀ।
3. ਆਸਾਮੀ ਦੀ ਗਿਣਤੀ ਘੱਟ/ਵੱਧ ਸਕਦੀ ਹੈ।
4. ਫੀਸ ਕੇਵਲ ਆਈ.ਪੀ.ਓ. ਦੇ ਰੂਪ ਵਿਚ ਹੀ ਭੇਜੀ ਜਾਵੇ ਅਤੇ ਆਈ.ਪੀ.ਓ. ਦੇ ਪਿੱਛੇ ਉਮੀਦਵਾਰ ਆਪਣਾ ਨਾਮ, ਪਿਤਾ ਦਾ ਨਾਮ ਅਤੇ ਮੋਬਾਈਲ ਨੰਬਰ ਜ਼ਰੂਰ ਲਿਖਣ।ਆਈ.ਪੀ.ਓ. ਮਿਤੀ 16.11.2021 ਤੋਂ ਮਿਤੀ 23.11.2021 ਵਿਚਕਾਰ ਜਾਰੀ ਹੋਣਾ ਚਾਹੀਦਾ ਹੈ।
5. ਇਸ ਇਸ਼ਤਿਹਾਰ ਸਬੰਧੀ ਕਿਸੇ ਕਿਸਮ ਦੀ ਸੋਧ, ਨਿਯੁਕਤੀ ਸਬੰਧੀ ਅਗਲੀ ਕਾਰਵਾਈ, ਰੋਲ ਨੰਬਰ ਜਾਰੀ ਕਰਨਾ, ਲਿਖਤੀ ਪ੍ਰੀਖਿਆ/ਇੰਟਰਵਿਊ ਦੀ ਸੂਚਨਾ ਪੰਜਾਬ ਵਿਧਾਨ ਸਭਾ ਦੀ ਵੈੱਬਸਾਈਟ www.punjabassembly.nic.in ਤੇ ਦੇਖੀ ਜਾ ਸਕੇਗੀ।ਉਮੀਦਵਾਰ ਵੈਬਸਾਈਟ ਰੈਗੂਲਰ ਚੈੱਕ ਕਰਦੇ ਰਹਿਣ।
6. ਉਮੀਦਵਾਰ ਆਪਣੇ ਸਹੀ ਅਤੇ ਮੁਕੰਮਲ ਵੇਰਵੇ ਅਰਜ਼ੀ ਫਾਰਮ ਵਿੱਚ ਦੇਵੇਗਾ, ਜਿਸ ਦੀ ਅਸਲੀਅਤ ਲਈ ਉਹ ਖੁਦ ਜ਼ਿੰਮੇਵਾਰ ਹੋਵੇਗਾ। ਅਗਰ ਕੋਈ ਸੂਚਨਾ ਕਿਸੇ ਵੀ ਪੜਾਅ ਤੇ ਗਲਤ ਸਾਬਤ ਹੁੰਦੀ ਹੈ ਤਾਂ ਉਸ ਦੀ ਉਮੀਦਵਾਰੀ ਰੱਦ ਕੀਤੀ ਜਾ ਸਕਦੀ ਹੈ।
7. ਇਸ ਇਸ਼ਤਿਹਾਰ ਨੂੰ ਕਿਸੇ ਵੀ ਸਮੇਂ ਰੱਦ ਕਰਨ ਦਾ ਅਧਿਕਾਰ ਸਭਾ ਸਕੱਤਰੇਤ ਪਾਸ ਰਾਖਵਾਂ ਹੋਵੇਗਾ।
੮. ਵਿੱਦਿਅਕ ਯੋਗਤਾ ਦੇ ਦਸਤਾਵੇਜ਼ ਪ੍ਰਤੀਬੇਨਤੀ ਨਾਲ ਨੱਥੀ ਨਾ ਕੀਤੇ ਜਾਣ। ਅਰਜ਼ੀ ਵਿੱਚ ਦਿੱਤੇ ਵੇਰਵਿਆਂ ਦੀ ਦਰੁਸਤੀ ਸਬੰਧੀ ਉਮੀਦਵਾਰ ਖੁਦ ਜ਼ਿੰਮੇਵਾਰ ਹੋਵੇਗਾ।

ਮਿਤੀ: 15/11/2021

ਸੰਯੁਕਤ ਸਕੱਤਰ
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

(ਵਿੱਦਿਅਕ ਯੋਗਤਾ ਦੇ ਦਸਤਾਵੇਜ਼ ਨਾਲ ਨੱਥੀ ਨਾ ਕੀਤੇ ਜਾਣ।)

## ਪ੍ਰੋਫਾਰਮਾ

1. ਆਸਾਮੀ ਦਾ ਨਾਂ : ______________________

2. ਬਿਨੈਕਾਰ ਦਾ ਨਾਂ : ______________________
(ਸਕੂਲ ਸਰਟੀਫਿਕੇਟ ਅਨੁਸਾਰ)

ਸਵੈ-ਤਸਦੀਕਸ਼ੁਦਾ ਤਾਜ਼ਾ ਫੋਟੋ

3. ਪਿਤਾ ਦਾ ਨਾਂ : ______________________
(ਸਕੂਲ ਸਰਟੀਫਿਕੇਟ ਅਨੁਸਾਰ)

4. ਜਨਮ ਮਿਤੀ i): ______________________
ii) ਉਮਰ : ਸਾਲ ______ ਮਹੀਨੇ ______ ਦਿਨ ______

5. ਲਿੰਗ : ______________________

6. ਕੌਮੀਅਤ : ______________________

7. ਪੱਤਰ ਵਿਹਾਰ ਦਾ ਪਤਾ : ______________________
______________________

8. ਪੱਕਾ ਪਤਾ: ______________________
______________________

9. ਮੋਬਾਈਲ ਨੰਬਰ ਅਤੇ ਲੈਂਡ ਲਾਈਨ ਨੰਬਰ ਜੇਕਰ ਕੋਈ ਹੈ: ______________________

10. ਵਿੱਦਿਅਕ ਯੋਗਤਾ :

| ਵਿੱਦਿਅਕ ਯੋਗਤਾ | ਪਾਸ ਕਰਨ ਦਾ ਸਾਲ | ਪ੍ਰਾਪਤ ਕੀਤੇ ਅੰਕ | ਕੁੱਲ ਅੰਕ | ਪ੍ਰਤੀਸ਼ਤਤਾ | ਡਿਵੀਜ਼ਨ | ਬੋਰਡ/ਯੂਨੀਵਰਸਿਟੀ | ਵਿਸ਼ਾ |
|---|---|---|---|---|---|---|---|
| | | | | | | | |
| | | | | | | | |

11. ਕਿਸ ਸ਼੍ਰੇਣੀ ਨਾਲ ਸਬੰਧਤ : __________

12. ਕੋਈ ਹੋਰ ਸੂਚਨਾ ਜੋ ਬਿਨੈਕਾਰ ਜ਼ਰੂਰੀ ਸਮਝੇ: ______________________

13. ਫੀਸ ਦਾ ਵੇਰਵਾ : I.P.O No. ____________ ਮਿਤੀ ____/11/2021 ਰਕਮ ________ ਡਾਕਖਾਨਾ ________

ਸਥਾਨ:
ਮਿਤੀ:

(ਬਿਨੈਕਾਰ ਦੇ ਹਸਤਾਖਰ)

### ਘੋਸ਼ਣਾ

ਮੈਂ ____________ ਪੁੱਤਰ/ਪੁੱਤਰੀ ____________ ਇਹ ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੇਰੇ ਵਲੋਂ ਦਿੱਤੇ ਗਏ ਉਪਰੋਕਤ ਵਿਵਰਣ ਮੇਰੀ ਜਾਣਕਾਰੀ ਮੁਤਾਬਿਕ ਸਹੀ ਅਤੇ ਦਰੁਸਤ ਹਨ ਅਤੇ ਇਹਨਾਂ ਬਾਰੇ ਕੋਈ ਵੀ ਤੱਥ ਛੁਪਾਇਆ ਨਹੀਂ ਗਿਆ ਹੈ। ਮੈਂ ਸਾਰੀਆਂ ਹਦਾਇਤਾਂ ਪੜ੍ਹੀਆਂ ਹਨ। ਮੈਂ ਹੋਰ ਵੀ ਘੋਸ਼ਣਾ ਕਰਦਾ/ਕਰਦੀ ਹਾਂ ਕਿ ਉਪਰੋਕਤ ਦਿੱਤੇ ਗਏ ਕਿਸੇ ਵੀ ਵਿਵਰਣ/ਸੂਚਨਾ ਦੇ ਕਿਸੇ ਪੜਾਅ ਤੇ ਗਲਤ/ਝੂਠ ਪਾਏ ਜਾਣ ਦੀ ਸੂਰਤ ਵਿਚ, ਜੇਕਰ ਮੇਰੀ ਨਿਯੁਕਤੀ ਹੁੰਦੀ ਹੈ, ਤਾਂ ਰੱਦ/ਖਤਮ ਸਮਝੀ ਜਾਵੇ ਅਤੇ ਮੈਂ, ਭਾਰਤੀ ਦੰਡ ਵਿਧਾਨ (IPC) ਦੇ ਸਬੰਧਤ ਉਪਬੰਧਾਂ ਅਧੀਨ ਕਾਨੂੰਨੀ ਕਾਰਵਾਈ ਦਾ ਭਾਗੀ ਹੋਵਾਂਗਾ/ਹੋਵਾਂਗੀ।

ਸਥਾਨ:
ਮਿਤੀ:

(ਬਿਨੈਕਾਰ ਦੇ ਹਸਤਾਖਰ)